# ਪੰਜਾਬ ਵਿਧਾਨ ਸਭਾ

**ਛੇਵਾਂ (ਬਜਟ) ਸਮਾਗਮ**

**ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ**

## 06 ਮਾਰਚ, 2024

----

**ਕੁੱਲ ਪ੍ਰਸ਼ਨ - 8**

----

### ਰਾਜ ਦੇ ਡਬਲ ਸ਼ਿਫਟ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ ਹੋਰ ਸਟਾਫ ਭਰਤੀ ਕਰਨਾ

**316 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :-**

ਕੀ ਸਿੱਖਿਆ ਮੰਤਰੀ ਕਿਰਪਾ ਦੱਸਣਗੇ ਕਿ :-

**ੳ)** ਰਾਜ ਵਿੱਚ ਵਿੱਦਿਅਕ ਵਰ੍ਹੇ 2022-23 ਅਤੇ 2023-24 ਦੌਰਾਨ ਕਿੰਨੇ ਅਤੇ ਕਿਹੜੇ-ਕਿਹੜੇ। ਸਰਕਾਰੀ ਸਕੂਲਾਂ ਨੂੰ ਵਿਦਿਆਰਥੀਆਂ ਦੀ ਕਿੰਨੀ-ਕਿੰਨੀ ਗਿਣਤੀ ਵਧਣ ਕਾਰਨ ਡਬਲ ਸ਼ਿਫਟ ਦੇ ਅਧਾਰ ਤੇ ਚਲਾਇਆ ਜਾ ਰਿਹਾ ਹੈ, ਇਨ੍ਹਾਂ ਸਕੂਲਾਂ ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਕਿੰਨੀਆਂ ਖਾਲੀ ਹਨ; ਇੱਥੇ ਸਟਾਫ਼ ਤੋਂ ਕਿੰਨੇ ਘੰਟੇ ਕੰਮ ਲਿਆ ਜਾ ਰਿਹਾ ਹੈ;

**ਅ)** ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਡਬਲ ਸ਼ਿਫਟ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਅਨੁਸਾਰ ਹੋਰ ਸਟਾਫ਼ ਭਰਤੀ ਕਰਨ, ਇੰਨਫ਼ਰਾਸਟੱਕਚਰ ਆਦਿ ਵਿੱਚ ਵਾਧਾ ਕਰਨ ਜਾਂ ਇੱਥੇ ਹੋਰ ਨਵੇਂ ਸਕੂਲ ਖੋਲਣ ਦੀ ਕਿਸੇ ਤਜਵੀਜ਼ ਤੇ ਸਰਕਾਰ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

----

### ਰਾਜ ਵਿੱਚ ਕਿਸਾਨਾਂ ਤੋਂ ਖ਼ਰੀਦੀ ਗਈ ਨਰਮੇ ਦੀ ਫ਼ਸਲ ਦੀ ਖਰੀਦਾਰੀ

**321 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਮੰਤਰੀ ਕਿਰਪਾ ਦੱਸਣਗੇ ਕਿ:-

**ੳ**) ਕੀ ਸਰਕਾਰ ਵੱਲੋਂ ਰਾਜ ਵਿੱਚ ਕਿਸਾਨਾਂ ਦੇ ਨਰਮੇ ਦੀ ਫ਼ਸਲ ਐਮ.ਐਸ.ਪੀ ਤੇ ਖ਼ਰੀਦੀ ਜਾ ਰਹੀ ਹੈ;

**ਅ**) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਵੱਲੋਂ ਇਹ ਫ਼ਸਲ ਕਿੰਨੀ-ਕਿੰਨੀ ਐਮ.ਐਸ.ਪੀ ਤੇ ਖ਼ਰੀਦੀ ਜਾ ਰਹੀ ਹੈ ਅਤੇ ਸੂਬੇ ਵਿੱਚ ਸਾਲ, 2022 ਅਤੇ 2023 ਵਿੱਚ ਨਰਮੇ ਦੀ ਫ਼ਸਲ ਕਿੰਨੇ-ਕਿੰਨੇ ਰਕਬੇ ਵਿੱਚ ਬੀਜੀ ਗਈ ਸੀ, ਇਸ ਫ਼ਸਲ ਦੀ ਕਿੰਨੀ-ਕਿੰਨੀ ਪੈਦਾਵਾਰ ਹੋਈ ਸੀ ਤੇ ਸਰਕਾਰ ਨੇ ਕਿਸਾਨਾਂ ਤੋਂ ਨਰਮੇ ਦੀ ਕਿੰਨੀ-ਕਿੰਨੀ ਫ਼ਸਲ ਐਮ.ਐਸ.ਪੀ ਦੇ ਰੇਟ ਤੇ ਖ਼ਰੀਦੀ ਹੈ ਅਤੇ ਕਿੰਨੀ-ਕਿੰਨੀ ਫ਼ਸਲ ਪ੍ਰਾਈਵੇਟ ਪਲੇਅਰ ਵੱਲੋਂ ਐਮ.ਐਸ.ਪੀ ਦੇ ਰੇਟ ਤੋਂ ਕਿੰਨੇ-ਕਿੰਨੇ ਰੁਪਏ ਘੱਟ ਰੇਟ ਤੇ ਖ਼ਰੀਦੀ ਹੈ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

**ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਦੇਣਾ**

**331 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ :=**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਘਰਾਂ ਦੇ ਮਾਲਕੀ ਹੱਕ ਦੇਣ ਲਈ ਸੂਬਾ ਸਰਕਾਰ ਵੱਲੋਂ ਅਕਤੂਬਰ, 2021 ਵਿੱਚ ਸ਼ੁਰੂ ਕੀਤੀ ਗਈ 'ਮੇਰਾ ਘਰ ਮੇਰੇ ਨਾਮ ਸਕੀਮ' ਤਹਿਤ ਕਿੰਨੇ ਸਮੇਂ ਦੇ ਅੰਦਰ-ਅੰਦਰ ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਮਾਲਕੀ ਹੱਕ ਦੇਣ ਦਾ ਟੀਚਾ ਉਲੀਕਿਆ ਗਿਆ ਸੀ ਅਤੇ ਇਸ ਸਕੀਮ ਤਹਿਤ ਹੁਣ ਤੱਕ ਸੂਬਾ ਸਰਕਾਰ ਨੇ ਮਹੀਨਾ-ਵਾਰ ਕਿੰਨੇ-ਕਿੰਨੇ ਘਰਾਂ ਦੇ ਲੋਕਾਂ ਨੂੰ ਮਾਲਕੀ ਦੇ ਹੱਕ ਦੇ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਕਦੋਂ ਤੱਕ ਦੇ ਦਿੱਤੇ ਜਾਣਗੇ; ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

----

**ਬਿਜਲੀ ਡਿਮਾਂਡ ਅਨੁਸਾਰ ਟ੍ਰਾਂਸਮਿਸ਼ਨ ਸਮਰੱਥਾ ਵਿੱਚ ਲੋੜੀਂਦਾ ਵਾਧਾ ਕਰਨਾ**

**341 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਲੋਕ ਨਿਰਮਾਣ, ਬਿਜਲੀ :-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਰਾਜ ਸਰਕਾਰ ਵੱਲੋਂ ਸਾਲ, 2022 ਤੋਂ ਹੁਣ ਤੱਕ ਰਾਜ ਦੀ ਹਰ ਸਾਲ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਟ੍ਰਾਂਸਮਿਸ਼ਨ ਸਮਰੱਥਾ (Transmission Capacity) ਵਿੱਚ ਲੋੜੀਂਦਾ ਵਾਧਾ ਕੀਤਾ ਹੈ; ਜੇਕਰ ਹਾਂ ਤਾਂ ਕਿੰਨਾ ਵਾਧਾ ਕੀਤਾ ਗਿਆ ਅਤੇ ਸਰਕਾਰ ਨੇ ਵਿੱਤੀ ਸਾਲ, 2022-23 ਅਤੇ 2023-24 ਵਿੱਚ ਹੁਣ ਤੱਕ ਕਿੰਨੀ-ਕਿੰਨੀ ਰਕਮ ਖ਼ਰਚ ਕਰਕੇ ਕੀ-ਕੀ ਕਾਰਜ ਕੀਤੇ ਹਨ;

**ਅ**) ਭਵਿੱਖ ਵਿੱਚ ਰਾਜ ਦੀ ਹਰ ਸਾਲ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਸਮੇਂ-ਸਮੇਂ ਤੇ ਅਡਵਾਂਸ ਵਿੱਚ ਟ੍ਰਾਂਸਮਿਸ਼ਨ ਸਮਰੱਥਾ (Transmission Capacity) ਵਧਾਉਣ ਨੂੰ ਯਕੀਨੀ ਬਣਾਉਣ ਲਈ ਰਾਜ ਸਰਕਾਰ ਦੀ ਕੀ ਪਾਲਿਸੀ

ਹੈ?

----

**ਸਾਲ 2022—2023 ਦੌਰਾਨ ਲਗਾਏ ਗਏ ਝੋਨੇ ਦੇ ਵੇਰਵੇ।**

**373 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**
ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਰਾਜ ਵਿੱਚ ਸਾਲ 2022 ਅਤੇ 2023 ਵਿੱਚ ਕੁੱਲ ਕਿੰਨੇ ਏਕੜ ਵਿੱਚ ਝੋਨਾ ਲਗਾਇਆ ਗਿਆ ਸੀ ਅਤੇ ਰਾਜ ਸਰਕਾਰ ਵੱਲੋਂ ਸੂਬੇ ਦਾ ਧਰਤੀ ਹੇਠਲਾ ਪਾਣੀ ਬਚਾਉਣ ਲਈ ਇਨ੍ਹਾਂ ਸਾਲਾਂ ਵਿੱਚ Direct Seeded Rice (DSR) ਹੇਠ ਕਿੰਨੇ—2 ਏਕੜ ਵਿੱਚ ਝੋਨਾ ਬੀਜਣ ਦਾ ਟੀਚਾ ਮਿੱਥਿਆ ਗਿਆ ਸੀ ਅਤੇ DSR ਹੇਠ ਕਿੰਨੇ—ਕਿੰਨੇ ਏਕੜ ਵਿੱਚ ਝੋਨਾ ਬੀਜਿਆ ਗਿਆ ਸੀ; ਕੀ ਸਰਕਾਰ ਇਨ੍ਹਾਂ ਸਾਲਾਂ ਦੌਰਾਨ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਸਕੀ;

(ਅ) ਸਾਲ 2022 ਅਤੇ 2023 ਵਿੱਚ DSR ਹੇਠ ਲਗਾਏ ਝੋਨੇ ਵਿੱਚੋਂ ਕਿੰਨੇ ਕਿਸਾਨਾਂ ਨੂੰ ਪ੍ਰਤੀ ਏਕੜ 1500/- ਰੁਪਏ ਪ੍ਰੋਤਸਾਹਨ ਦੇ ਦਿੱਤਾ ਗਿਆ ਹੈ, ਕਿੰਨ੍ਹਾ ਕਿਸਾਨਾਂ ਨੂੰ ਪ੍ਰੋਤਸਾਹਨ ਦੇਣਾ ਅਜੇ ਬਾਕੀ ਹੈ ਅਤੇ ਬਕਾਇਆ ਕਦੋਂ ਤੱਕ ਸਬੰਧਤ ਕਿਸਾਨਾਂ ਨੂੰ ਦੇ ਦਿੱਤਾ ਜਾਵੇਗਾ;

(ੲ) ਸਰਕਾਰ ਵੱਲੋਂ ਸਾਲ, 2024 ਵਿੱਚ DSR ਹੇਠ ਕਿੰਨੇ—ਕਿੰਨੇ ਏਕੜ ਵਿੱਚ ਝੋਨਾ ਬੀਜਣ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਟੀਚੇ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ;ਵੇਰਵੇ ਸਹਿਤ ਦੱਸਿਆ ਜਾਵੇ?

----

**ਖੇਤੀਬਾੜੀ ਮਸ਼ੀਨੀਕਰਨ ਸਬੰਧੀ ਸਕੀਮ ਤਹਿਤ ਕਿੱਤੇ ਕਾਰਜਾਂ ਦੇ ਵੇਰਵੇ।**

**375 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ 'ਖੇਤੀਬਾੜੀ ਦੀ ਰਹਿੰਦ ਖੂਹੰਦ In-Situ Management ਲਈ ਖੇਤੀਬਾੜੀ ਮਸ਼ੀਨੀਕਰਨ ਸਬੰਧੀ ਸਕੀਮ' ਕਿਸ ਉਦੇਸ਼ ਲਈ ਕਦੋਂ ਸ਼ੁਰੂ ਕੀਤੀ ਸੀ, ਇਸ ਸਕੀਮ ਅਧੀਨ ਸਾਲ, 2020—21 ਤੋਂ ਹੁਣ ਤੱਕ ਸੂਬਾ ਤੇ ਕੇਂਦਰ ਸਰਕਾਰ ਵੱਲੋਂ ਕਿੰਨੇ—ਕਿੰਨੇ ਪੈਸੇ ਖ਼ਰਚ ਕਰਕੇ ਖੇਤੀਬਾੜੀ ਦੀ ਰਹਿੰਦ ਖੂਹੰਦ ਦੇ ਪ੍ਰਬੰਧਨ ਲਈ ਕੀ—ਕੀ ਕਾਰਜ ਕੀਤੇ ਗਏ ਹਨ; ਕੀ ਇਸ ਸਕੀਮ ਵਿੱਚ ਕੋਈ ਘਪਲਾ ਵੀ ਹੋਇਆ ਹੈ, ਜੇਕਰ ਹਾਂ ਤਾਂ ਸਰਕਾਰ ਵੱਲੋਂ ਇਸ ਬਾਰੇ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਮਗਨਰੇਗਾ ਸਕੀਮ ਦੇ ਮਜ਼ਦੂਰਾਂ ਦੇ ਦਿਹਾੜੀ ਦੇ ਰੇਟ ਵਿਚ ਵਾਧਾ ਕਰਨਾ**

**376 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਦਿਹਾਤੀ ਮਜ਼ਦੂਰਾਂ ਨੂੰ ਪ੍ਰਤੀ ਸਾਲ ਸੌ ਦਿਨ ਰੋਜ਼ਗਾਰ ਦੇਣ ਦੀ ਗਰੰਟੀ ਦਾ ਸੰਵਿਧਾਨਿਕ ਹੱਕ ਦੇਣ ਵਾਲੀ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ (ਮਗਨਰੇਗਾ) ਸਕੀਮ ਅਧੀਨ ਮਜ਼ਦੂਰਾਂ ਨੂੰ ਇਸ ਸਮੇਂ ਕਿੰਨੇ ਰੁਪਏ ਦਿਹਾੜੀ ਦਿੱਤੀ ਜਾਂਦੀ ਹੈ ਅਤੇ ਪਿਛਲੀ ਵਾਰ ਇਨ੍ਹਾਂ ਮਜ਼ਦੂਰਾਂ ਦੀ ਦਿਹਾੜੀ ਵਿੱਚ ਕਦੋਂ ਤੇ ਕਿੰਨਾਂ-ਕਿੰਨਾਂ ਵਾਧਾ ਕੀਤਾ ਗਿਆ ਸੀ;

ਅ) ਕੀ ਸਰਕਾਰ ਹੁਣ ਇਨ੍ਹਾਂ ਦੀ ਦਿਹਾੜੀ ਵਿੱਚ ਵਾਧਾ ਕਰਨ ਅਤੇ ਪ੍ਰਤੀ ਸਾਲ 200 ਦਿਨ ਰੋਜ਼ਗਾਰ ਦੇਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ ਜੇਕਰ ਹਾਂ ਤਾਂ ਕਦੋਂ ਤੱਕ?

----

**ਅਨੁਸੂਚਿਤ ਜਾਤੀਆਂ ਸਬ ਪਲਾਨ ਲਈ ਸਰਕਾਰ ਵੱਲੋਂ ਰੱਖੇ ਗਏ ਫੰਡਾਂ ਨੂੰ ਸਮੇਂ ਸਿਰ ਖ਼ਰਚ ਨਾ ਕਰਨਾ**

**378 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :=**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਸਬ ਪਲਾਨ, ਸਾਲ, 2021-22, 2022-23 ਅਤੇ 2023-24 ਲਈ ਕਿਹੜੀਆਂ-ਕਿਹੜੀਆਂ ਸਕੀਮਾਂ ਵਾਸਤੇ ਕਿੰਨਾਂ-ਕਿੰਨਾਂ ਫ਼ੰਡ ਰੱਖਿਆ ਗਿਆ ਸੀ ਅਤੇ ਇਨ੍ਹਾਂ ਸਾਲਾਂ ਦੌਰਾਨ ਕਿਹੜੀਆਂ-ਕਿਹੜੀਆਂ ਭਲਾਈ ਸਕੀਮਾਂ ਦਾ ਕੇਂਦਰ ਅਤੇ ਰਾਜ ਸਰਕਾਰ ਦਾ ਕਿੰਨਾਂ-ਕਿੰਨਾਂ ਪੈਸਾ ਸਰਕਾਰ ਨਿਰਧਾਰਿਤ ਸਮੇਂ ਵਿੱਚ ਖ਼ਰਚ ਨਹੀਂ ਕਰ ਸਕੀ; ਵੇਰਵੇ ਸਹਿਤ ਦੱਸਿਆ ਜਾਵੇ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**ਸੋਮਵਾਰ 04 ਮਾਰਚ, 2024.** **ਸਕੱਤਰ**